# ਅਧਿਆਇ-1 ਭੋਜਨ

**ਪ੍ਰਸ਼ਨ 1- ਕੀ ਸਾਰੇ ਸਜੀਵ ਇੱਕੋ ਜਿਹਾ ਭੋਜਨ ਖਾਂਦੇ ਹਨ ?**

**ਉੱਤਰ**- ਨਹੀਂ, ਸਾਰੇ ਸਜੀਵ ਆਪਣੀ ਸਰੀਰਕ ਬਣਤਰ ਅਤੇ ਉਪਲੱਬਧਤਾ ਦੇ ਅਨੁਸਾਰ ਵੱਖੋ-ਵੱਖਰਾ ਭੋਜਨ ਖਾਂਦੇ ਹਨ।

**ਪ੍ਰਸ਼ਨ 2- ਪੰਜ ਅਜਿਹੇ ਪੌਦੇ ਅਤੇ ਉਹਨਾਂ ਦੇ ਹਿੱਸਿਆਂ ਦੇ ਨਾਂ ਲਿਖੋ ਜਿੰਨ੍ਹਾਂ ਨੂੰ ਭੋਜਨ ਵਾਂਗ ਇਸਤੇਮਾਲ ਕੀਤਾ ਜਾਂਦਾ ਹੈ।**

**ਉੱਤਰ**-

| ਪੌਦੇ ਦਾ ਨਾਂ | ਪੌਦੇ ਦਾ ਹਿੱਸੇ ਦਾ ਨਾਂ ਜਿਸ ਨੂੰ ਅਸੀਂ ਖਾਂਦੇ ਹਾਂ |
|---|---|
| 1. ਕਣਕ | ਬੀਜ |
| 2. ਪਾਲਕ | ਪੱਤੇ |
| 3. ਸਰ੍ਹੋਂ | ਪੱਤੇ ਅਤੇ ਬੀਜ |
| 4. ਆਲੂ | ਤਣਾ |
| 5. ਸੇਬ | ਫਲ |

**3. 'ੳ' ਅਤੇ 'ਅ' ਖਾਨਿਆਂ ਵਿੱਚ ਲਿਖੀਆਂ ਵਸਤਾਂ ਨੂੰ ਮਿਲਾਓ।**

| ੳ | ਅ |
|---|---|
| ਦੁੱਧ, ਦਹੀਂ, ਪਨੀਰ, ਘਿਉ | ਦੂਜੇ ਜਾਨਵਰ ਨੂੰ ਖਾਂਦੇ ਹਨ। |
| ਪਾਲਕ, ਗੋਭੀ, ਗਾਜਰ | ਪੌਦੇ ਅਤੇ ਪੌਦਿਆਂ ਦੇ ਹਿੱਸੇ ਨੂੰ ਖਾਂਦੇ ਹਨ। |
| ਸ਼ੇਰ, ਚੀਤਾ | ਸਬਜ਼ੀਆਂ ਹਨ। |
| ਸ਼ਾਕਾਹਾਰੀ | ਸਾਰੇ ਜੀਵਾਂ ਤੋਂ ਪ੍ਰਾਪਤ ਉਤਪਾਦ ਹਨ। |

**ਪ੍ਰਸ਼ਨ 4- ਖਾਲੀ ਥਾਵਾਂ ਭਰੋ-**

(ੳ) ਚੀਤਾ <u>ਮਾਸਾਹਾਰੀ</u> ਹੈ ਕਿਉਂਕਿ ਇਹ ਕੇਵਲ ਮਾਸ ਖਾਂਦਾ ਹੈ।

(ਅ) ਹਿਰਨ ਕੇਵਲ ਪੌਦੇ ਅਤੇ ਪੌਦਿਆਂ ਦੇ ਹਿੱਸੇ ਖਾਂਦਾ ਹੈ ਇਸ ਲਈ ਇਸ ਨੂੰ <u>ਸ਼ਾਕਾਹਾਰੀ</u> ਕਹਿੰਦੇ ਹਨ।

(ੲ) ਤੋਤਾ ਕੇਵਲ <u>ਪੌਦੇ</u> ਖਾਂਦਾ ਹੈ।

(ਸ) <u>ਦੁੱਧ</u> ਗਾਂ, ਮੱਝ, ਬੱਕਰੀ ਆਦਿ ਤੋਂ ਪ੍ਰਾਪਤ ਹੁੰਦਾ ਹੈ ਇਸ ਲਈ ਇਹ ਜੀਵ ਉਤਪਾਦ ਹੈ।

(ਹ) ਸਾਨੂੰ ਚੀਨੀ <u>ਗੰਨੇ</u> ਤੋਂ ਮਿਲਦੀ ਹੈ।



Scanned with CamScanner

# ਅਧਿਆਇ-2 ਭੋਜਨ ਦੇ ਤੱਤ

**ਪ੍ਰਸ਼ਨ 1- ਸਾਡੇ ਭੋਜਨ ਦੇ ਮੁੱਖ ਪੋਸ਼ਕ ਤੱਤਾਂ ਦੇ ਨਾਂ ਲਿਖੋ।**

**ਉੱਤਰ-** ਕਾਰਬੋਹਾਈਡ੍ਰੇਟ, ਪ੍ਰੋਟੀਨ, ਚਰਬੀ, ਵਿਟਾਮਿਨ, ਖਣਿਜ, ਮੋਟਾ ਆਹਾਰ ਅਤੇ ਪਾਣੀ।

**ਪ੍ਰਸ਼ਨ 2- ਹੇਠ ਲਿਖਿਆਂ ਦੇ ਨਾਂ ਲਿਖੋ-**

**(ੳ) ਉਹ ਤੱਤ ਜੋ ਮੁੱਖ ਰੂਪ ਵਿੱਚ ਸਾਡੇ ਸਰੀਰ ਨੂੰ ਊਰਜਾ ਦਿੰਦੇ ਹਨ।**

**ਉੱਤਰ-** ਕਾਰਬੋਹਾਈਡ੍ਰੇਟ।

**(ਅ) ਉਹ ਤੱਤ ਜੋ ਸਾਡੇ ਸਰੀਰ ਦੇ ਵਾਧੇ ਅਤੇ ਸਾਂਭ-ਸੰਭਾਲ ਲਈ ਜਰੂਰੀ ਹਨ।**

**ਉੱਤਰ-** ਪ੍ਰੋਟੀਨ।

**(ੲ) ਉਹ ਵਿਟਾਮਿਨ ਜੋ ਸਾਡੀ ਚੰਗੀ ਨਜਰ ਲਈ ਜਰੂਰੀ ਹੈ।**

**ਉੱਤਰ-** ਵਿਟਾਮਿਨ ਏ (A)

**(ਸ) ਉਹ ਖਣਿਜ ਜੋ ਸਾਡੀਆਂ ਹੱਡੀਆਂ ਲਈ ਜਰੂਰੀ ਹੈ।**

**ਉੱਤਰ-** ਕੈਲਸ਼ੀਅਮ।

**ਪ੍ਰਸ਼ਨ 3- ਦੋ ਅਜਿਹੇ ਭੋਜਨ ਪਦਾਰਥਾਂ ਦੇ ਨਾਂ ਲਿਖੋ ਜਿੰਨ੍ਹਾਂ ਵਿੱਚ ਹੇਠ ਲਿਖੇ ਪੋਸ਼ਕ ਤੱਤ ਕਾਫ਼ੀ ਮਾਤਰਾ ਵਿੱਚ ਪਾਏ ਜਾਂਦੇ ਹਨ-**

**(ੳ) ਚਰਬੀ, (ਅ) ਨਿਸ਼ਾਸਤਾ, (ੲ) ਮੋਟਾ ਆਹਾਰ, (ਸ) ਪ੍ਰੋਟੀਨ**

**ਉੱਤਰ-** (ੳ) ਚਰਬੀ- ਘਿਓ, ਅੰਡੇ ਆਦਿ ।

(ਅ) ਨਿਸ਼ਾਸਤਾ (ਕਾਰਬੋਹਾਈਡ੍ਰੇਟ)- ਆਲੂ, ਚੌਲ ਆਦਿ ।

(ੲ) ਮੋਟਾ ਆਹਾਰ- ਪਾਲਕ, ਗੋਭੀ ਆਦਿ।

(ਸ) ਪ੍ਰੋਟੀਨ- ਦੁੱਧ, ਅੰਡੇ, ਮੱਛੀ ਆਦਿ।

GSS SCHOOL

**ਪ੍ਰਸ਼ਨ 4- ਇਹਨਾਂ ਵਿੱਚੋਂ ਸਹੀ ਕਥਨ ਨੂੰ ਸਹੀ ਦਾ ਨਿਸ਼ਾਨ ਲਗਾਉ।**

(ੳ) ਕੇਵਲ ਚਾਵਲ ਖਾਣ ਨਾਲ ਅਸੀਂ ਆਪਣੇ ਸਰੀਰ ਦੀਆਂ ਪੋਸ਼ਕ ਲੋੜਾਂ ਨੂੰ ਪੂਰਾ ਕਰ ਸਕਦੇ ਹਾਂ। **(ਗਲਤ)**

(ਅ) ਸੰਤੁਲਿਤ ਭੋਜਨ ਖਾ ਕੇ ਤਰੁੱਟੀ ਰੋਗਾਂ ਤੋਂ ਬਚਿਆ ਜਾ ਸਕਦਾ ਹੈ। **(ਸਹੀ)**



Scanned with CamScanner

(ੲ) ਸਰੀਰ ਲਈ ਸੰਤੁਲਿਤ ਭੋਜਨ ਵਿੱਚ ਕਈ ਤਰ੍ਹਾਂ ਦੇ ਭੋਜਨ ਪਦਾਰਥ ਹੋਣੇ ਚਾਹੀਦੇ ਹਨ। **(ਸਹੀ)**

(ਸ) ਸਰੀਰ ਦੇ ਸਾਰੇ ਪੋਸ਼ਕ ਤੱਤ ਪੂਰੇ ਕਰਨ ਲਈ ਕੇਵਲ ਮਾਸ ਕਾਫ਼ੀ ਹੈ। **(ਗਲਤ)**

**ਪ੍ਰਸ਼ਨ 5- ਖਾਲੀ ਸਥਾਨ ਭਰੋ-**

(ੳ) **ਰਿਕਟਸ** ਵਿਟਾਮਿਨ D ਦੀ ਕਮੀ ਕਾਰਨ ਹੁੰਦਾ ਹੈ।

(ਅ) **ਵਿਟਾਮਿਨ B** ਦੀ ਕਮੀ ਨਾਲ ਬੇਰੀ-ਬੇਰੀ ਨਾਂ ਦਾ ਰੋਗ ਹੁੰਦਾ ਹੈ।

(ੲ) ਵਿਟਾਮਿਨ C ਦੀ ਕਮੀ ਨਾਲ **ਸਕਰਵੀ** ਨਾਂ ਦਾ ਰੋਗ ਹੁੰਦਾ ਹੈ।

(ਸ) ਸਾਡੇ ਭੋਜਨ ਵਿੱਚ **ਵਿਟਾਮਿਨ A** ਦੀ ਕਮੀ ਨਾਲ ਅੰਧਰਾਤਾ ਰੋਗ ਹੁੰਦਾ ਹੈ।

**ਸਾਰਣੀ 2.3 - ਵਿਟਾਮਿਨ ਅਤੇ ਖਣਿਜ ਲੂਣਾਂ ਦੀ ਘਾਟ ਕਾਰਨ ਹੋਣ ਵਾਲੇ ਤਰੁੱਟੀ ਰੋਗ।**

| ਵਿਟਾਮਿਨ / ਖਣਿਜ | ਤਰੁੱਟੀ ਰੋਗ / ਵਿਕਾਰ | ਲੱਛਣ |
|---|---|---|
| ਵਿਟਾਮਿਨ A | ਅੰਧਰਾਤਾ | ਕਮਜ਼ੋਰ ਨਜ਼ਰ, ਹਨੇਰੇ ਵਿੱਚ ਘੱਟ ਦਿ[illegible] ਹੋਵੇ, ਪੂਰੀ ਤਰ੍ਹਾਂ ਦਿਖਣਾ ਵੀ ਕਈ ਵਾਰ [illegible] ਹੋ ਜਾਂਦਾ ਹੈ। |
| ਵਿਟਾਮਿਨ $B_1$ | ਬੇਰੀ-ਬੇਰੀ | ਕਮਜ਼ੋਰ ਮਾਸਪੇਸ਼ੀਆਂ ਅਤੇ ਕੰਮ ਕਰਨ ਦੀ ਊਰਜਾ ਵਿੱਚ ਕਮੀ। |
| ਵਿਟਾਮਿਨ C | ਸਕਰਵੀ | ਮਸੂੜਿਆਂ ਚੋਂ ਖੂਨ ਨਿਕਲਨਾ, ਜ਼ਖ਼ਮ ਭਰਨ ਵਿੱਚ ਜ਼ਿਆਦਾ ਸਮਾਂ ਲਗਨਾ। |
| ਵਿਟਾਮਿਨ D | ਰਿਕਟਸ | ਹੱਡੀਆਂ ਦਾ ਨਰਮ ਹੋ ਕੇ ਮੁੜ ਜਾਣਾ। |
| ਕੈਲਸ਼ੀਅਮ | ਹੱਡੀਆਂ ਅਤੇ ਦੰਦਾਂ ਦਾ ਖੁਰਨਾ | ਹੱਡੀਆਂ ਅਤੇ ਦੰਦਾਂ ਦਾ ਕਮਜ਼ੋਰ ਹੋਣਾ। |
| ਆਇਓਡੀਨ | ਗ੍ਰਿਲੜ | ਗਲੇ (ਗਰਦਨ) ਦੀ ਗ੍ਰੰਥੀ ਦਾ ਫੁਲ ਜਾਣਾ / ਬੱਚਿਆਂ ਵਿੱਚ ਮਾਨਸਿਕ ਵਿਕਾਰ। |
| ਲੋਹਾ | ਅਨੀਮੀਆ | ਕਮਜ਼ੋਰੀ। |



3/9
Scanned with CamScanner

# ਅਧਿਆਇ-7 ਪੌਦਿਆਂ ਨੂੰ ਜਾਣੋ

**ਪ੍ਰਸ਼ਨ 1- ਹੇਠ ਲਿਖੇ ਕਥਨਾਂ ਨੂੰ ਠੀਕ ਕਰਕੇ ਲਿਖੋ।**

**(i) ਤਣਾ ਮਿੱਟੀ ਵਿੱਚੋਂ ਪਾਣੀ ਅਤੇ ਖਣਿਜ ਲੂਣ ਚੂਸਦਾ ਹੈ।**
ਉੱਤਰ- **ਜੜ੍ਹਾਂ** ਮਿੱਟੀ ਵਿੱਚੋਂ ਪਾਣੀ ਅਤੇ ਖਣਿਜ ਲੂਣ ਚੂਸਦੀਆਂ ਹਨ।

**(ii) ਪੱਤੇ ਪੌਦੇ ਨੂੰ ਸਿੱਧਾ ਖੜਾ ਰੱਖਦੇ ਹਨ।**
ਉੱਤਰ- **ਤਣਾ** ਪੌਦੇ ਨੂੰ ਸਿੱਧਾ ਖੜਾ ਰੱਖਦਾ ਹੈ।

**(iii) ਜੜ੍ਹਾਂ ਪਾਣੀ ਨੂੰ ਪੱਤਿਆਂ ਤੱਕ ਪਹੁੰਚਾਉਂਦੀਆਂ ਹਨ।**
ਉੱਤਰ- **ਤਣਾ** ਪਾਣੀ ਨੂੰ ਪੱਤਿਆਂ ਤੱਕ ਪਹੁੰਚਾਉਂਦੀਆਂ ਹਨ।

**(iv) ਫੁੱਲ ਵਿੱਚ ਪੰਖੜੀਆਂ ਅਤੇ ਹਰੀਆਂ ਪੱਤੀਆਂ ਦੀ ਸੰਖਿਆ ਸਦਾ ਬਰਾਬਰ ਹੁੰਦੀ ਹੈ।**
ਉੱਤਰ- ਫੁੱਲ ਵਿੱਚ ਪੰਖੜੀਆਂ ਅਤੇ ਹਰੀਆਂ ਪੱਤੀਆਂ ਦੀ ਸੰਖਿਆ **ਆਮ ਤੌਰ ਤੇ** ਬਰਾਬਰ ਹੁੰਦੀ ਹੈ।

**(v) ਜੇ ਕਿਸੇ ਫੁੱਲ ਦੀਆਂ ਹਰੀਆਂ ਪੱਤੀਆਂ ਆਪਸ ਵਿੱਚ ਜੁੜੀਆਂ ਹੋਣ ਤਾਂ ਉਸਦੀਆਂ ਪੰਖੜੀਆਂ ਵੀ ਆਪਸ ਵਿੱਚ ਜੁੜੀਆਂ ਹੋਣਗੀਆਂ।**
ਉੱਤਰ- ਜੇ ਕਿਸੇ ਫੁੱਲ ਦੀਆਂ ਹਰੀਆਂ ਪੱਤੀਆਂ ਆਪਸ ਵਿੱਚ ਜੁੜੀਆਂ ਹੋਣ ਤਾਂ ਉਸਦੀਆਂ ਪੰਖੜੀਆਂ **ਜਰੂਰੀ ਨਹੀਂ ਕਿ** ਆਪਸ ਵਿੱਚ ਜੁੜੀਆਂ ਹੋਣਗੀਆਂ।

**(vi) ਜੇ ਕਿਸੇ ਫੁੱਲ ਦੀਆਂ ਪੰਖੜੀਆਂ ਆਪਸ ਵਿੱਚ ਜੁੜੀਆਂ ਹੋਣ ਤਾਂ ਇਸਤਰੀ ਕੇਸਰ ਪੰਖੜੀਆਂ ਨਾਲ ਜੁੜਿ**

ਉੱਤਰ- ਜੇ ਕਿਸੇ ਫੁੱਲ ਦੀਆਂ ਪੰਖੜੀਆਂ ਆਪਸ ਵਿੱਚ ਜੁੜੀਆਂ ਹੋਣ ਤਾਂ **ਜਰੂਰੀ ਨਹੀਂ ਕਿ** ਇਸਤਰੀ ਕੇਸਰ

ਜੁੜਿਆ ਹੋਵੇਗਾ।

4/9

**ਪ੍ਰਸ਼ਨ 2- ਹੇਠ ਲਿਖੇ ਦੇ ਚਿੱਤਰ ਬਣਾਉ।**

**(ੳ) ਪੱਤਾ, (ਅ) ਮੂਸਲ ਜੜ੍ਹ, (ੲ) ਇੱਕ ਫੁੱਲ ਜਿਸਦਾ ਤੁਸੀਂ ਸਾਰਣੀ 7.3 ਵਿੱਚ ਅਧਿਐਨ ਕੀਤਾ ਹੋਵੇ।**




Scanned with CamScan

ਉੱਤਰ- **(ੳ) ਪੱਤਾ**





**(ਅ) ਮੂਸਲ ਜੜ੍ਹ**




**ਚਿੱਤਰ 7.17** *(ੳ) ਮੂਸਲ ਜੜ੍ਹ (Tap Root) (ਅ) ਰੇਸ਼ੇਦਾਰ ਜੜ੍ਹ (Fibrous Root)*

**(ੲ) ਇੱਕ ਫੁੱਲ**






Scanned with CamScanner

**ਪ੍ਰਸ਼ਨ 3- ਕੀ ਤੁਸੀਂ ਆਪਣੇ ਘਰ ਦਾ ਆਲੇ-ਦੁਆਲੇ ਅਜਿਹੇ ਪੌਦੇ ਨੂੰ ਜਾਣਦੇ ਹੋ ਜਿਸਦਾ ਤਣਾਂ ਲੰਬਾ ਹੋਵੇ ਪ੍ਰੰਤੂ ਕਮਜ਼ੋਰ ਹੋਵੇ ? ਇਸ ਪੌਦੇ ਦਾ ਨਾਂ ਲਿਖੋ। ਤੁਸੀਂ ਇਸ ਨੂੰ ਕਿਸ ਵਰਗ ਵਿੱਚ ਰੱਖੋਗੇ?**

ਉੱਤਰ- ਹਾਂ, ਮਨੀ ਪਲਾਂਟ ਦਾ ਤਣਾ ਲੰਬਾ ਪਰ ਕਮਜ਼ੋਰ ਹੈ।ਇਹ ਵੇਲ ਹੈ।

**ਪ੍ਰਸ਼ਨ 4- ਪੌਦੇ ਵਿੱਚ ਤਣੇ ਦਾ ਕੀ ਕੰਮ ਹੈ?**

ਉੱਤਰ-1). ਤਣਾ ਪੌਦਾ ਨੂੰ ਸਿੱਧਾ ਖੜ੍ਹਾ ਰਹਿਣ ਵਿੱਚ ਸਹਾਰਾ ਦਿੰਦਾ ਹੈ।

2). ਤਣਾ ਜੜ੍ਹਾਂ ਤੋਂ ਪੱਤਿਆਂ ਤੱਕ ਪਾਣੀ ਅਤੇ ਖਣਿਜ ਪਹੁੰਚਾਉਂਦਾ ਹੈ।

**ਪ੍ਰਸ਼ਨ 5- ਹੇਠ ਲਿਖਿਆਂ, ਚੋਂ ਕਿੰਨ੍ਹਾਂ ਪੱਤਿਆਂ ਵਿੱਚ ਜਾਲੀਦਾਰ ਸ਼ਿਰਾ ਵਿਨਿਆਸ ਹੁੰਦਾ ਹੈ।**

**ਕਣਕ, ਤੁਲਸੀ, ਮੱਕੀ, ਘਾਹ, ਧਨੀਆ, ਚਾਈਨਾ ਰੋਜ਼ (ਜਾਂ ਗੁੜਹਲ)**

**ਉੱਤਰ-** ਤੁਲਸੀ, ਚਾਈਨਾ ਰੋਜ਼।

**ਪ੍ਰਸ਼ਨ 6- ਜੇ ਕਿਸੇ ਪੌਦੇ ਦੀ ਜੜ੍ਹ ਰੇਸ਼ੇਦਾਰ ਹੋਵੇ ਤਾਂ ਉਸ ਦੀਆਂ ਪੱਤੀਆਂ ਦਾ ਸ਼ਿਰਾ ਵਿਨਿਆਸ ਕਿਸ ਤਰ੍ਹਾਂ ਦਾ ਹੋਵੇਗਾ?**

**ਉੱਤਰ-** ਸਮਾਂਤਰ ਸ਼ਿਰਾ ਵਿਨਿਆਸ।

**ਪ੍ਰਸ਼ਨ 7- ਜੇ ਕਿਸੇ ਪੌਦੇ ਦੇ ਪੱਤਿਆਂ ਵਿੱਚ ਜਾਲੀਦਾਰ ਸ਼ਿਰਾ ਵਿਨਿਆਸ ਹੋਵੇ ਤਾਂ ਉਸ ਦੀਆਂ ਜੜ੍ਹਾਂ ਕਿਸ ਤਰ੍ਹਾਂ ਦੀਆਂ ਹੋਣਗੀਆਂ?**

**ਉੱਤਰ-** ਮੂਸਲ ਜੜ੍ਹਾਂ।

**ਪ੍ਰਸ਼ਨ 8- ਕਿਸੇ ਕਾਗਜ਼ ਤੇ ਬਣੀ ਪੌਦੇ ਦੇ ਪੱਤੇ ਦੀ ਛਾਪ ਨੂੰ ਵੇਖ ਕੇ ਕੀ ਤੁਹਾਡੇ ਲਈ ਇਹ ਦੱਸਣਾ ਸੰਭਵ ਹੈ ਕਿ ਇਸ ਦੀ ਜੜ੍ਹ ਮੂਸਲ ਹੈ ਜਾਂ ਰੇਸ਼ੇਦਾਰ?**

**ਉੱਤਰ-** ਹਾਂ, ਜੇਕਰ ਪੱਤੇ ਦੀ ਛਾਪ (ਸ਼ਿਰਾ ਵਿਨਿਆਸ) ਸਮਾਂਤਰ ਹੈ ਤਾਂ ਜੜ੍ਹ ਰੇਸ਼ੇਦਾਰ ਹੋਵੇਗੀ ਅਤੇ ਜੇਕਰ ਛਾਪ ਜਾਲੀਦਾਰ ਹੈ ਤਾਂ ਜੜ੍ਹ ਮੂਸਲ ਹੋਵੇਗੀ।

**ਪ੍ਰਸਨ 9- ਕਿਸੇ ਫੁੱਲ ਦੇ ਵੱਖ-ਵੱਖ ਭਾਗਾਂ ਦਾ ਨਾਂ ਲਿਖੋ।**

**ਉੱਤਰ-** ਹਰੀਆਂ ਪੱਤੀਆਂ, ਰੰਗਦਾਰ ਪੱਤੀਆਂ, ਪੁੰਕੇਸਰ ਅਤੇ ਇਸਤਰੀ ਕੇਸਰ।



Scanned with CamScan

**ਪ੍ਰਸ਼ਨ 10- ਹੇਠ ਲਿਖਿਆਂ ਵਿੱਚੋਂ ਕਿੰਨ੍ਹਾਂ ਪੌਦਿਆਂ ਦੇ ਫੁੱਲ ਤੁਸੀਂ ਵੇਖੇ ਹਨ?**

**ਘਾਹ, ਮੱਕੀ, ਕਣਕ, ਮਿਰਚ, ਟਮਾਟਰ, ਤੁਲਸੀ, ਪਿੱਪਲ, ਸ਼ੀਸ਼ਮ, ਬੋਹੜ, ਅੰਬ, ਜਾਮਣ, ਅਮਰੂਦ, ਅਨਾਰ, ਪਪੀਤਾ, ਕੇਲਾ, ਨਿੰਬੂ, ਗੰਨਾ, ਆਲੂ, ਮੂੰਗਫਲੀ।**

**ਉੱਤਰ-** ਘਾਹ, ਮੱਕੀ, ਕਣਕ, ਮਿਰਚ, ਟਮਾਟਰ, ਤੁਲਸੀ, ਪਿੱਪਲ, ਸ਼ੀਸ਼ਮ, ਬੋਹੜ, ਅੰਬ, ਜਾਮਣ, ਅਮਰੂਦ, ਅਨਾਰ, ਪਪੀਤਾ, ਕੇਲਾ, ਨਿੰਬੂ, ਆਲੂ, ਮੂੰਗਫਲੀ।

**ਪ੍ਰਸ਼ਨ 11- ਪੌਦੇ ਦੇ ਉਸ ਭਾਗ ਦਾ ਨਾਂ ਲਿਖੋ ਜੋ ਆਪਣਾ ਭੋਜਨ ਬਣਾਉਂਦਾ ਹੈ? ਇਸ ਕਿਰਿਆ ਨੂੰ ਕੀ ਆਖਦੇ ਹਨ?**

**ਉੱਤਰ-** ਪੌਦੇ ਦੇ ਪੱਤੇ ਪ੍ਰਕਾਸ਼-ਸੰਸ਼ਲੇਸ਼ਣ ਕਿਰਿਆ ਨਾਲ ਭੋਜਨ ਬਣਾਉਂਦੇ ਹਨ।

**ਪ੍ਰਸ਼ਨ 12- ਫੁੱਲ ਦੇ ਕਿਸ ਭਾਗ ਵਿੱਚ ਅੰਡਕੋਸ਼/ਬੀਜਦਾਨੀ ਮਿਲਦੀ ਹੈ?**

**ਉੱਤਰ-** ਇਸਤਰੀ ਕੇਸਰ ਵਿੱਚ।

**ਪ੍ਰਸ਼ਨ 13- ਅਜਿਹੇ ਦੋ ਫੁੱਲਾਂ ਦੇ ਨਾਂ ਲਿਖੋ ਜਿੰਨ੍ਹਾਂ ਵਿੱਚੋਂ ਹਰ ਇੱਕ ਵਿੱਚ ਸੰਯੁਕਤ ਅਤੇ ਵੱਖ-ਵੱਖ ਪੰਖੜੀਆਂ ਹੋਣ।**

**ਉੱਤਰ-** ਸੰਯੁਕਤ ਪੰਖੜੀਆਂ- ਚਾਈਨਾ ਰੋਜ਼, ਕਪਾਹ।

ਵੱਖ-ਵੱਖ ਪੰਖੜੀਆਂ- ਸਰ੍ਹੋਂ, ਗੁਲਾਬ।



Scanned with CamScan

# ਅਧਿਆਇ-9 ਸਜੀਵ ਅਤੇ ਉਨ੍ਹਾਂ ਦਾ ਚੌਗਿਰਦਾ

**ਪ੍ਰਸ਼ਨ 1- ਆਵਾਸ ਕਿਸ ਨੂੰ ਆਖਦੇ ਹਨ?**

**ਉੱਤਰ-** ਕਿਸੇ ਸਥਾਨ ਦਾ ਚੌਗਿਰਦਾ ਜਿਸ ਵਿੱਚ ਪੌਦੇ, ਜੀਵ-ਜੰਤੂ ਅਤੇ ਹੋਰ ਜੀਵ ਰਹਿੰਦੇ ਹਨ। ਉਨ੍ਹਾਂ ਦਾ ਆਵਾਸ ਅਖਵਾਉਂਦਾ ਹੈ।

**ਪ੍ਰਸ਼ਨ 2- ਕੈਕਟਸ ਮਾਰੂਥਲ ਵਿੱਚ ਜੀਵਨ ਗੁਜਾਰਨ ਲਈ ਕਿਸ ਤਰ੍ਹਾਂ ਅਨੁਕੂਲਿਤ ਹੈ?**

**ਉੱਤਰ-** 1). ਕੈਕਟਸ ਦੇ ਪੱਤੇ ਕੰਡਿਆਂ ਦੇ ਰੂਪ ਵਿੱਚ ਹੁੰਦੇ ਹਨ ਤਾਂ ਕਿ ਵਾਸ਼ਪ ਉਤਸਰਜਨ ਘੱਟ ਹੋ ਜਾਵੇ।

2). ਕੈਕਟਸ ਦਾ ਤਣਾ ਮੋਟਾ ਹੁੰਦਾ ਹੈ ਜੋ ਪਾਣੀ ਸੰਭਾਲ ਕੇ ਰੱਖਦਾ ਹੈ ਅਤੇ ਪ੍ਰਕਾਸ਼ ਸੰਸ਼ਲੇਸ਼ਣ ਵੀ ਕਰਦਾ ਹੈ।

3). ਜੜ੍ਹਾਂ ਮਿੱਟੀ ਵਿੱਚ ਡੂੰਘੀਆਂ ਚਲੀਆਂ ਜਾਂਦੀਆਂ ਹਨ ਤਾਂ ਕਿ ਪਾਣੀ ਸੋਖ ਸਕਣ।

**ਪ੍ਰਸ਼ਨ 3- ਖਾਲੀ ਥਾਵਾਂ ਭਰੋ-**

(ੳ) ਪੌਦਿਆਂ ਅਤੇ ਜੀਵਾਂ ਵਿੱਚ ਮਿਲਣ ਵਾਲੇ ਵਿਸ਼ੇਸ਼ ਲੱਛਣ ਜੋ ਉਹਨਾ ਨੂੰ ਇੱਕ ਆਵਾਸ ਵਿੱਚ ਰਹਿਣ ਦੇ ਯੋਗ ਬਣਾਉਂਦੇ ਹਨ **ਅਨੁਕੂਲਨ** ਅਖਵਾਉਂਦੇ ਹਨ।

(ਅ) ਥਲ ਤੇ ਮਿਲਣ ਵਾਲੇ ਪੌਦੇ ਅਤੇ ਜੰਤੂਆਂ ਦੇ ਆਵਾਸ ਨੂੰ **ਸਥਲੀ** ਆਵਾਸ ਕਹਿੰਦੇ ਹਨ।

(ੲ) ਉਹ ਆਵਾਸ ਜਿਨ੍ਹਾਂ ਵਿੱਚ ਪਾਣੀ ਵਿੱਚ ਰਹਿਣ ਵਾਲੇ ਪੌਦੇ ਅਤੇ ਜੀਵ ਰਹਿੰਦੇ ਹਨ, **ਜਲੀ** ਅਵਾਸ ਅਖਵਾਉਂਦੇ ਹਨ।

(ਸ) ਮਿੱਟੀ, ਪਾਣੀ ਅਤੇ ਹਵਾ ਕਿਸੇ ਆਵਾਸ ਦੇ **ਅਜੈਵਿਕ** ਘਟਕ ਹਨ।

(ਹ) ਸਾਡੇ ਚੌਗਿਰਦੇ ਵਿੱਚ ਹੋਣ ਵਾਲੇ ਪਰਿਵਰਤਨ ਜਿਨ੍ਹਾਂ ਪ੍ਰਤੀ ਅਸੀਂ ਪ੍ਰਤੀਕਿਰਿਆ ਕਰਦੇ ਹਾਂ **ਉਤੇਜਨਾ** ਅਖਵਾਉਂਦੇ ਹਨ।

**ਪ੍ਰਸ਼ਨ 4- ਹੇਠ ਲਿਖੀ ਸੂਚੀ ਵਿੱਚ ਕਿਹੜੀਆਂ ਨਿਰਜੀਵ ਵਸਤਾਂ ਹਨ।**

**ਹਲ, ਸਿਲਾਈ ਮਸ਼ੀਨ, ਖੁੰਭ, ਰੇਡਿਓ, ਕਿਸ਼ਤੀ, ਜਲ ਕੁੰਭੀ (Hycinth) ਅਤੇ ਗੰਡੋਆ।**

**ਉੱਤਰ-** ਹਲ, ਸਿਲਾਈ ਮਸ਼ੀਨ, ਰੇਡਿਓ, ਕਿਸ਼ਤੀ।

**ਪ੍ਰਸ਼ਨ 5- ਕਿਸੇ ਅਜਿਹੀ ਨਿਰਜੀਵ ਵਸਤੂ ਦੀ ਉਦਾਹਰਣ ਦਿਓ ਜਿਸ ਵਿੱਚ ਸਜੀਵਾਂ ਵਾਲੇ ਦੋ ਲੱਛਣ ਦਿਖਦੇ ਹਨ।**

**ਉੱਤਰ-** ਬੱਦਲ ਨਿਰਜੀਵ ਹਨ ਪਰ ਇਹ ਸਜੀਵਾਂ ਵਾਂਗ ਵਾਧਾ ਅਤੇ ਗਤੀ ਕਰਦੇ ਹਨ ।



Scanned with CamScanner

**ਪ੍ਰਸ਼ਨ 6- ਹੇਠ ਲਿਖਿਆਂ ਵਿੱਚੋਂ ਕਿਹੜੀਆਂ ਨਿਰਜੀਵ ਵਸਤਾਂ ਕਿਸੇ ਵੇਲੇ ਸਜੀਵ ਦਾ ਅੰਸ਼ ਸਨ।**

**ਮੱਖਣ, ਚਮੜਾ, ਮਿੱਟੀ, ਉੱਨ, ਬਿਜਲੀ ਦਾ ਬਲਬ, ਖਾਣ ਵਾਲਾ ਤੇਲ, ਨਮਕ, ਸੇਬ, ਰਬੜ।**

**ਉੱਤਰ**- ਮੱਖਣ, ਚਮੜਾ, ਉਨ, ਖਾਣ ਵਾਲਾ ਤੇਲ, ਸੇਬ, ਰਬੜ।

**ਪ੍ਰਸ਼ਨ 7- ਸਜੀਵਾਂ ਦੇ ਵਿਸ਼ੇਸ਼ ਲੱਛਣਾਂ ਦੀ ਸੂਚੀ ਬਣਾਓ।**

**ਉੱਤਰ**- ਸਜੀਵਾਂ ਦੇ ਵਿਸ਼ੇਸ਼ ਲੱਛਣ-

1). ਵਾਧਾ, 2). ਪ੍ਰਜਣਨ, 3). ਸਾਹ ਕਿਰਿਆ, 4). ਮਲ ਤਿਆਗ, 5). ਗਤੀ, 6). ਉਤੇਜਨਾ ਪ੍ਰਤੀ ਅਨੁਕਿਰਿਆ।

**ਪ੍ਰਸਨ 8- ਘਾਹ ਦੇ ਮੈਦਾਨੀ ਖੇਤਰ ਵਿੱਚ ਰਹਿਣ ਵਾਲੇ ਜੰਤੂਆਂ ਨੂੰ ਆਪਣੀ ਹੋਂਦ ਬਣਾਈ ਰੱਖਣ ਲਈ ਤੇਜ਼ ਗਤੀ ਕਿਉਂ ਜਰੂਰੀ ਹੈ? (ਸੰਕੇਤ- ਘਾਹ-ਸਥਲੀ ਆਵਾਸਾਂ ਵਿੱਚ ਛੁਪਣ ਲਈ ਰੁੱਖਾਂ ਦੀ ਸੰਖਿਆ ਬਹੁਤ ਘੱਟ ਹੁੰਦੀ ਹੈ)**

**ਉੱਤਰ-** ਘਾਹ ਦੇ ਮੈਦਾਨੀ ਖੇਤਰ ਵਿੱਚ ਛੁਪਣ ਲਈ ਰੁੱਖਾਂ ਦੀ ਸੰਖਿਆ ਬਹੁਤ ਘੱਟ ਹੁੰਦੀ ਹੈ। ਇਸ ਲਈ ਸ਼ਿਕਾਰ ਕਰਨ (ਮਾਸਾਹਾਰੀ ਲਈ) ਜਾਂ ਸ਼ਿਕਾਰ ਹੋਣ ਤੋਂ ਬਚਣ ਲਈ ਜੰਤੂਆਂ ਲਈ ਤੇਜ਼ ਗਤੀ ਜਰੂਰੀ ਹੈ।



Scanned with CamScanner